Ph. 01652-235980

# ਜ਼ਿਲ੍ਹਾ ਮੰਡੀ ਅਫਸਰ, ਮਾਨਸਾ ।

ਪੰਜਾਬ ਮੰਡੀ ਬੋਰਡ ਅਧੀਨ ਕੰਮ ਕਰਦੇ ਜ਼ਿਲ੍ਹਾ ਮੰਡੀ ਅਫਸਰ, ਮਾਨਸਾ ਦਾ ਦਫਤਰ ਨਵੀਂ ਅਨਾਜ ਮੰਡੀ, ਸਰਸਾ ਰੋਡ, ਮਾਨਸਾ ਤੇ ਸਥਿਤ ਹੈ । ਜ਼ਿਲ੍ਹਾ ਮੰਡੀ ਅਫਸਰ, ਮਾਨਸਾ ਦੇ ਅਧੀਨ ਪੰਜ ਮਾਰਕਿਟ ਕਮੇਟੀਆਂ (ਮਾਨਸਾ, ਬੁਢਲਾਡਾ, ਬਰੇਟਾ, ਭੀਖੀ ਅਤੇ ਸਰਦੂਲਗੜ੍ਹ) ਆਉਂਦੀਆਂ ਹਨ । ਇੰਨ੍ਹਾਂ ਮਾਰਕਿਟ ਕਮੇਟੀਆਂ ਦਾ ਮੁਖੀ ਸਕੱਤਰ, ਮਾਰਕਿਟ ਕਮੇਟੀ ਹੁੰਦਾ ਹੈ । ਸਕੱਤਰ, ਮਾਰਕਿਟ ਕਮੇਟੀ ਆਪਣੇ ਨੋਟੀਫਾਈਡ ਏਰੀਏ ਵਿੱਚ ਜਿਨਸਾਂ ਦੀ ਖਰੀਦ/ਵੇਚ ਨੂੰ ਰੈਗੂਲੇਟ ਕਰਦਾ ਹੈ । ਮੰਡੀ ਵਿੱਚ ਆਉਂਦੀਆਂ ਜਿਨਸਾਂ ਦੀ 100% ਰਿਕਾਰਡਿੰਗ ਕਰਵਾਉਣੀ ਅਤੇ ਮੰਡੀ ਬੋਰਡ ਦੀਆਂ ਹਦਾਇਤਾਂ ਅਨੁਸਾਰ ਇੰਨ੍ਹਾਂ ਜਿਨਸਾਂ ਤੋਂ ਬਣਦੀ 2% ਦੇ ਹਿਸਾਬ ਨਾਲ ਮਾਰਕਿਟ ਫੀਸ ਅਤੇ 2% ਪੇਂਡੂ ਵਿਕਾਸ ਫੰਡ ਦੀ ਵਸੂਲੀ ਕਰਨੀ/ਕਰਵਾਉਣੀ ਸਕੱਤਰ, ਮਾਰਕਿਟ ਕਮੇਟੀ ਦਾ ਮੁੱਢਲਾ ਕਰਤੱਵ ਹੈ । ਸਕੱਤਰ, ਮਾਰਕਿਟ ਕਮੇਟੀ ਆਪਣੇ ਨੋਟੀਫਾਈਡ ਏਰੀਏ ਵਿੱਚ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਉਪਲਬਧ ਕਰਵਾਉਂਦਾ ਹੈ ਅਤੇ ਮੰਡੀਆਂ ਵਿੱਚ ਖਰੀਦ ਵੇਚ ਸਬੰਧੀ ਡੀਲਰਾਂ/ਆੜ੍ਹਤੀਆਂ ਨੂੰ ਲਾਇਸੰਸ ਜਾਰੀ ਕਰਦਾ ਹੈ । ਮੰਡੀ ਵਿੱਚ ਕਿਸੇ ਵੀ ਕਿਸਮ ਦੇ ਮਸਲੇ ਦਾ ਨਿਪਟਾਰਾ ਕਰਵਾਉਣ ਵਾਸਤੇ ਸਕੱਤਰ, ਮਾਰਕਿਟ ਕਮੇਟੀ ਜੁੰਮੇਵਾਰ ਹੁੰਦਾ ਹੈ ਕਿਉਂ ਜੋ ਨੋਟੀਫਾਈਡ ਏਰੀਏ ਵਿੱਚ ਉਹ ਹਰ ਤਰ੍ਹਾਂ ਨਾਲ ਇੰਚਾਰਜ ਹੁੰਦਾ ਹੈ ।

ਹਾੜ੍ਹੀ ਸੀਜਨ 2005 ਲਈ ਮੰਡੀ ਬੋਰਡ ਵੱਲੋਂ ਕੁੱਲ 100 ਖਰੀਦ ਕੇਂਦਰ ਕਣਕ ਦੀ ਖਰੀਦ/ਵੇਚ ਲਈ ਘੋਸ਼ਿਤ ਕੀਤੇ ਗਏ ਹਨ । ਇਨ੍ਹਾਂ ਖਰੀਦ ਕੇਂਦਰਾਂ ਵਿੱਚੋਂ 94 ਮੰਡੀਆਂ ਪੱਕੀਆਂ ਹਨ ਅਤੇ 6 ਮੰਡੀਆਂ ਕੱਚੀਆਂ ਹਨ । ਕੱਚੀਆਂ ਮੰਡੀਆਂ ਨੂੰ ਪੱਕਾ ਕਰਨ ਲਈ ਮੰਡੀ ਬੋਰਡ ਪੱਧਰ ਤੇ ਕਰਵਾਈ ਕੀਤੀ ਜਾ ਰਹੀ ਹੈ । ਕਿਸਾਨਾਂ ਦੀ ਸਹੂਲਤ ਵਾਸਤੇ ਮੰਡੀਆਂ ਵਿੱਚ ਬਿਜਲੀ, ਪਾਣੀ ਅਤੇ ਛਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ । ਇਸ ਤੋਂ ਇਲਾਵਾ ਵੱਡੀਆਂ ਮੰਡੀਆਂ ਬੁਢਲਾਡਾ, ਬਰੇਟਾ ਅਤੇ ਸਰਦੂਲਗੜ੍ਹ ਵਿਖੇ ਕਿਸਾਨਾਂ ਦੇ ਠਹਿਰਨ ਵਾਸਤੇ ਆਰਾਮ ਘਰਾਂ ਦੀ ਉਸਾਰੀ ਕਰਵਾਉਣ ਸਬੰਧੀ ਕਾਰਵਾਈ ਚੱਲ ਰਹੀ ਹੈ । ਜਿਲ੍ਹੇ ਵਿੱਚ ਪੈਂਦੀਆਂ ਕਮੇਟੀਆਂ ਵੱਲੋਂ ਮੰਡੀਆਂ ਵਿੱਚ ਵਿਕਾਸ ਕੰਮਾਂ/ਸੜਕਾਂ ਦੇ ਕੰਮਾਂ ਵਾਸਤੇ ਫੰਡ ਜਮ੍ਹਾਂ ਕਰਵਾਏ ਜਾਂਦੇ ਹਨ । ਇਨ੍ਹਾਂ ਕੰਮਾਂ ਨੂੰ ਮੰਡੀ ਬੋਰਡ ਦਾ ਕਾਰਜਕਾਰੀ ਇੰਜੀਨੀਅਰ ਫੰਡ ਪ੍ਰਾਪਤ ਕਰਕੇ ਮੁਕੰਮਲ ਕਰਦਾ ਹੈ । ਇਸ ਸਾਲ ਦੌਰਾਨ ਮਿਤੀ 28-2-2005 ਤੱਕ ਮਾਰਕਿਟ ਕਮੇਟੀਆਂ ਦੀ ਕੁੱਲ 17,45,52,6320 ਰੁਪੈ ਦੀ ਆਮਦਨ ਹੋਈ ਹੈ ਅਤੇ ਇਤਨੀ ਹੀ ਰਕਮ ਕੁਲੈਕਟ ਕਰਕੇ ਪੇਂਡੂ ਵਿਕਾਸ ਫੰਡ ਵਿੱਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ । ਉਪਰੋਕਤ ਤੋਂ ਇਲਾਵਾ ਕਿਸਾਨਾਂ ਦੀ ਸਹੂਲਤ ਵਾਸਤੇ ਮਹਿਕਮੇਂ ਵੱਲੋਂ ਹੇਠ ਲਿਖੀਆਂ ਸਹੂਲਤਾਂ ਵੀ ਉਪਲਬਧ ਕਰਵਾਈਆਂ ਜਾਂਦੀਆਂ ਹਨ ।

*ਆਪਣੀ ਮੰਡੀ :-*

ਮਾਰਕਿਟ ਕਮੇਟੀ, ਮਾਨਸਾ ਵਿਖੇ ਕਿਸਾਨਾਂ ਦੀ ਸਹੂਲਤ ਲਈ ਆਪਣੀ ਮੰਡੀ ਚਲਾਈ ਜਾਂਦੀ ਹੈ ਜਿਸ ਵਿੱਚ ਕਿਸਾਨਾਂ ਵੱਲੋਂ ਆਪਣੀਆਂ ਫਲ/ਸਬਜੀਆਂ ਸਿੱਧੇ ਤੌਰ ਤੇ ਵੇਚੀਆਂ ਜਾਂਦੀਆਂ ਹਨ ਅਤੇ ਇਸ ਦੇ ਬਦਲੇ ਕਿਸਾਨਾਂ ਪਾਸੋਂ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਕੰਡੇ ਵੱਟੇ ਵੀ ਸਬੰਧਤ ਮਾਰਕਿਟ ਕਮੇਟੀ ਵੱਲੋਂ ਮੁਹੱਈਆ ਕਰਵਾਏ ਜਾਂਦੇ ਹਨ ।

## *ਖੇਤੀਬਾੜੀ ਮਸ਼ੀਨਰੀ ਦੇ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇਣ ਬਾਰੇ:-*

ਮੰਡੀ ਬੋਰਡ ਵੱਲੋਂ ਖੇਤੀਬਾੜੀ ਮਸ਼ੀਨਰੀ ਨਾਲ ਖੇਤਾਂ/ਮੰਡੀਆਂ ਵਿੱਚ ਹਾਦਸਿਆਂ ਦੇ ਸ਼ਿਕਾਰ ਕਿਸਾਨ/ਮਜਦੂਰ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਹੂਲਤ ਉਪਲਬਧ ਹੈ। ਇਸ ਸਬੰਧੀ ਹਾਦਸ਼ੇ ਦੇ ਸ਼ਿਕਾਰ ਵਿਅਕਤੀ ਦਾ ਵਾਰਸ/ਖੁਦ ਸਬੰਧਿਤ ਵਿਅਕਤੀ ਮਾਰਕਿਟ ਕਮੇਟੀ ਤੋਂ ਬਿਨੈ ਪੱਤਰ ਪ੍ਰਾਪਤ ਕਰ ਸਕਦਾ ਹੈ। ਇਹ ਬਿਨੈ ਪੱਤਰ/ਫਾਰਮ ਕਮੇਟੀ ਵੱਲੋਂ ਮੁਫਤ ਦਿੱਤਾ ਜਾਂਦਾ ਹੈ ਅਤੇ ਹਾਦਸੇ ਦੇ ਸ਼ਿਕਾਰ ਵਿਅਕਤੀ ਵੱਲੋਂ ਮੁੱਢਲੀ ਸੂਚਨਾ ਇੱਕ ਸਾਲ ਦੇ ਅੰਦਰ-ਅੰਦਰ ਸਬੰਧਤ ਮਾਰਕਿਟ ਕਮੇਟੀ ਨੂੰ ਦੇਣੀ ਹੁੰਦੀ ਹੈ। ਥਰੈਸਰ ਹਾਦਸੇ ਨਾਲ ਸ਼ਿਕਾਰ ਵਿਅਕਤੀਆਂ ਨੂੰ ਮੁਆਵਜਾ ਜੋ ਸਮੇਂ ਸਿਰ ਮੰਡੀ ਬੋਰਡ ਵੱਲੋਂ ਨਿਰਧਾਰਿਤ ਕੀਤਾ ਜਾਂਦਾ ਹੈ ਉਹ ਸਬੰਧਤ ਮਾਰਕਿਟ ਕਮੇਟੀ ਵੱਲੋਂ ਦਿੱਤਾ ਜਾਂਦਾ ਹੈ। ਇਸ ਸਮੇਂ ਪ੍ਰਤੀ ਉਂਗਲ 7500 ਰੁਪੈ ਅਤੇ ਇੱਕ ਅੰਗ ਪੂਰਾ ਕੱਟ ਜਾਣ ਦੀ ਸੂਰਤ ਵਿੱਚ 30,000 ਰੁਪੈ ਅਤੇ ਮੌਤ ਹੋ ਜਾਣ ਦੀ ਸੂਰਤ ਵਿੱਚ 75,000 ਰੁਪੈ ਦੀ ਨਾ ਮੋੜਨਯੋਗ ਰਾਸ਼ੀ ਸਹਾਇਤਾ ਵਜੋਂ ਦਿੱਤੀ ਜਾ ਰਹੀ ਹੈ। ਮੌਤ ਦੇ ਕੇਸ ਵਿੱਚ ਦਫਾ 174 ਦੀ ਕਾਰਵਾਈ ਅਤੇ ਹਾਦਸੇ ਬਾਰੇ ਡਾਕਟਰੀ ਰਿਪੋਰਟ ਪੇਸ਼ ਕਰਨੀ ਜਰੂਰੀ ਹੈ।

## ਮੰਡੀ ਦੀਆਂ ਸਕੀਮਾਂ :-

ਮੰਡੀਆਂ ਵਿੱਚ ਜਿਨਸ ਦੀ ਸਾਫ ਸਫਾਈ ਅਤੇ ਸੰਭਾਲ ਲਈ ਮੰਡੀ ਬੋਰਡ ਦੀਆਂ ਸ਼ਰਤਾਂ ਅਨੁਸਾਰ ਪਾਵਰ ਕਲੀਨਰ/ਡਸਟ ਬਿੰਨ ਅਤੇ ਤਰਪਾਲਾਂ ਆਦਿ ਆੜ੍ਹਤੀਆਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਿਸਾਨਾਂ ਨੂੰ ਆਪਣੀ ਜਿਨਸ ਦਾ ਸਹੀ ਮੁੱਲ ਦਿਵਾਉਣ ਵਾਲੇ ਮਾਰਕਿਟ ਕਮੇਟੀ, ਮਾਨਸਾ ਅਤੇ ਬੁਢਲਾਡਾ ਵਿਖੇ ਗਰੇਡਿੰਗ ਦੀ ਸਕੀਮ ਵੀ ਲਾਗੂ ਕੀਤੀ ਹੋਈ ਹੈ।

ਮਾਰਕਿਟ ਕਮੇਟੀ ਮਾਨਸਾ ਵਿਖੇ ਟੀ.ਐਮ.ਸੀ. ਪ੍ਰੋਜੈਕਟ ਦੀ ਉਸਾਰੀ ਚੱਲ ਰਹੀ ਹੈ ਅਤੇ ਮਾਰਕਿਟ ਕਮੇਟੀ ਸਰਦੂਲਗੜ੍ਹ ਵਿਖੇ ਟੀ.ਐਮ.ਸੀ. ਪ੍ਰੋਜੈਕਟ ਦੀ ਉਸਾਰੀ ਵਿਚਾਰ ਅਧੀਨ ਹੈ।

## ਸੀਜਨ 2005 ਦੌਰਾਨ ਕੱਟੇ ਜਾਣ ਵਾਲੇ ਖਰਚਿਆਂ ਦਾ ਵੇਰਵਾ :-

### ਕਣਕ

| ਲੜੀ ਨੰ: | ਕੰਮ ਦੀ ਕਿਸਮ | 50 ਕਿਲੋ ਭਰਤੀ | 75 ਕਿਲੋ ਭਰਤੀ | 95 ਕਿਲੋ ਭਰਤੀ |
|---|---|---|---|---|
| 1. | ਲੁਹਾਈ | 0.65 ਪੈਸੇ ਪ੍ਰਤੀ ਯੂਨਿਟ | 0.95 ਪੈਸੇ ਪ੍ਰਤੀ ਯੂਨਿਟ | 1.20 ਪੈਸੇ ਪ੍ਰਤੀ ਯੂਨਿਟ |
| 2. | ਹੱਥੀਂ ਸਫਾਈ (ਇੱਕ ਵਾਰ ਦੇ) | 0.60 ਪੈਸੇ ਪ੍ਰਤੀ ਯੂਨਿਟ | 0.79 ਪੈਸੇ ਪ੍ਰਤੀ ਯੂਨਿਟ | 1.00 ਪੈਸੇ ਪ੍ਰਤੀ ਯੂਨਿਟ |
| 3. | ਪਾਵਰ ਕਲੀਨਰ ਨਾਲ | 1.20 ਪੈਸੇ ਪ੍ਰਤੀ ਯੂਨਿਟ | 1.58 ਪੈਸੇ ਪ੍ਰਤੀ ਯੂਨਿਟ | 2.00 ਪੈਸੇ ਪ੍ਰਤੀ ਯੂਨਿਟ |
| 4. | ਤੁਲਾਈ ਤੇ ਭਰਾਈ | 1.77 ਪੈਸੇ ਪ੍ਰਤੀ ਯੂਨਿਟ | 1.98 ਪੈਸੇ ਪ੍ਰਤੀ ਯੂਨਿਟ | 2.25 ਪੈਸੇ ਪ੍ਰਤੀ ਯੂਨਿਟ |
| 5. | ਮਸ਼ੀਨੀ ਸਿਲਾਈ | 0.75 ਪੈਸੇ ਪ੍ਰਤੀ ਯੂਨਿਟ | 0.75 ਪੈਸੇ ਪ੍ਰਤੀ ਯੂਨਿਟ | 0.75 ਪੈਸੇ ਪ੍ਰਤੀ ਯੂਨਿਟ |
| 6. | ਹੱਥੀਂ ਸਿਲਾਈ | 0.35 ਪੈਸੇ ਪ੍ਰਤੀ ਯੂਨਿਟ | 0.35 ਪੈਸੇ ਪ੍ਰਤੀ ਯੂਨਿਟ | 0.35 ਪੈਸੇ ਪ੍ਰਤੀ ਯੂਨਿਟ |

## ਝੋਨਾ

| ਲੜੀ ਨੰ: | ਕੰਮ ਦੀ ਕਿਸਮ | 35 ਕਿਲੋ ਭਰਤੀ | 50 ਕਿਲੋ ਭਰਤੀ |
|---|---|---|---|
| 1. | ਲੁਹਾਈ | 0.65 ਪੈਸੇ ਪ੍ਰਤੀ ਯੂਨਿਟ | 0.94 ਪੈਸੇ ਪ੍ਰਤੀ ਯੂਨਿਟ |
| 2. | ਹੱਥੀਂ ਸਫਾਈ ਇੱਕ ਵਾਰ ਦੇ | 0.60 ਪੈਸੇ ਪ੍ਰਤੀ ਯੂਨਿਟ | 0.79 ਪੈਸੇ ਪ੍ਰਤੀ ਯੂਨਿਟ |
| 3. | ਪਾਵਰ ਕਲੀਨਰ ਨਾਲ | 1.20 ਪੈਸੇ ਪ੍ਰਤੀ ਯੂਨਿਟ | 1.58 ਪੈਸੇ ਪ੍ਰਤੀ ਯੂਨਿਟ |
| 4. | ਤੁਲਾਈ ਤੇ ਭਰਾਈ | 1.77 ਪੈਸੇ ਪ੍ਰਤੀ ਯੂਨਿਟ | 2.02 ਪੈਸੇ ਪ੍ਰਤੀ ਯੂਨਿਟ |
| 5. | ਮਸ਼ੀਨੀ ਸਿਲਾਈ | 0.75 ਪੈਸੇ ਪ੍ਰਤੀ ਯੂਨਿਟ | 0.75 ਪੈਸੇ ਪ੍ਰਤੀ ਯੂਨਿਟ |
| 6. | ਹੱਥੀਂ ਸਿਲਾਈ | 0.35 ਪੈਸੇ ਪ੍ਰਤੀ ਯੂਨਿਟ | 0.35 ਪੈਸੇ ਪ੍ਰਤੀ ਯੂਨਿਟ |